ਡਾਇਰੀ ਨੰ. 100
26/04/2023

# ਦਫ਼ਤਰ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ,ਪਟਿਆਲਾ

## (ਖੇਤਰ ਭਾਗ)

**ਈ-ਮੇਲ**-Khetar.pblanguages@gmall.com

ਵੱਲ

ਜ਼ਿਲ੍ਹਾ ਭਾਸ਼ਾ ਅਫਸਰ
ਬਠਿੰਡਾ।

ਪੱਤਰ ਨੰ: ਟਾ.ਸ਼(ਸਮੂ-ਕਲੱ-ਅਪ੍ਰੈਲ)2023/5458
ਮਿਤੀ,ਪਟਿਆਲਾ/26/4/2023

**ਵਿਸ਼ਾ:-** **ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕਾਂ ਦਾ ਟਾਈਪ ਟੈੱਸਟ ਲੈਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵਲੋਂ ਸਾਬਕਾ ਮੁੱਖ ਮੰਤਰੀ ਜੀ ਦੇ ਦਿਹਾਂਤ ਦੇ ਸੋਕ ਵਜੋਂ ਐਲਾਨੀ ਛੁੱਟੀ ਨੂੰ ਮੁੱਖ ਰੱਖਦੇ ਹੋਏ ਆਪ ਦੇ ਕਲੱਸਟਰ ਵਿਖੇ ਮਿਤੀ 27 ਅਤੇ 28 ਅਪ੍ਰੈਲ 2023 ਨੂੰ ਹੋਣ ਵਾਲੀ ਪ੍ਰੀਖਿਆ ਮਿਤੀ 03 ਅਤੇ 04 ਮਈ 2023 ਨੂੰ ਲਈ ਜਾਵੇਗੀ। ਪ੍ਰੀਖਿਆ ਦੀ ਸਮਾਂ ਸਾਰਣੀ ਪਹਿਲਾਂ ਵਾਲੀ ਹੀ ਰਹੇਗੀ। ਇਸ ਸਬੰਧੀ ਸਬੰਧਤ ਵਿਭਾਗਾਂ ਨੂੰ ਸੂਚਿਤ ਕਰ ਦਿੱਤਾ ਜਾਵੇ ਜੀ।

**ਸਹਾਇਕ ਡਾਇਰੈਕਟਰ (ਖੇਤਰ)**
**ਭਾਸ਼ਾ ਵਿਭਾਗ, ਪੰਜਾਬ।**

2023 60229
26/4/2023

# ਦਫ਼ਤਰ; ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225-ਈ- 227-ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com

ਵੱਲ,

ਸਮੂਹ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ/ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ,

**ਜ਼ਿਲ੍ਹਾ ਬਠਿੰਡਾ, ਫਰੀਦਕੋਟ, ਫਾਜਿਲਕਾ, ਫਿਰੋਜਪੁਰ ਅਤੇ ਸ੍ਰੀ ਮੁਕਤਸਰ ਸਾਹਿਬ।**

(ਕੇਵਲ ਜਿਨ੍ਹਾਂ ਦਫ਼ਤਰਾਂ ਵੱਲੋਂ ਪਰੀਖਿਆ ਦੇਣ ਲਈ ਨਿਸ਼ਚਿਤ ਮਿਤੀ 07 ਮਾਰਚ, 2023 ਤੱਕ ਪ੍ਰਤੀਬੇਨਤੀਆਂ ਭੇਜੀਆਂ ਗਈਆਂ ਹਨ।)

**ਪੱਤਰ ਨੰ.2023/** 190

**ਮਿਤੀ, ਬਠਿੰਡਾ/** 26/04/2023

**ਵਿਸ਼ਾ-** **ਪਦ ਉੱਨਤੀ/ਭਰਤੀ ਲਈ ਟਾਈਪ/ ਸ਼ਾਰਟਹੈਂਡ ਦੀ ਪਰੀਖਿਆ ਲੈਣ ਸੰਬੰਧੀ।**

**ਹਵਾਲਾ-** ਇਸ ਦਫ਼ਤਰ ਦੇ ਪੱਤਰ ਨੰ. 02/2023 (ਸਪੇ.) ਮਿਤੀ, ਬਠਿੰਡਾ/20.04.2023

ਉਪਰੋਕਤ ਵਿਸ਼ੇ ਸੰਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਪਰੀਖਿਆ ਦੇਣ ਵਾਲੇ ਕਰਮਚਾਰੀਆਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਕਤ ਪਰੀਖਿਆ ਮਿਤੀ 27 ਅਪ੍ਰੈਲ, 2023 ਅਤੇ 28 ਅਪ੍ਰੈਲ, 2023 ਨੂੰ ਲਈ ਜਾਵੇਗੀ। ਪਰੰਤੂ ਪੰਜਾਬ ਸਰਕਾਰ ਵੱਲੋਂ ਸਾਬਕਾ ਮੰਤਰੀ ਜੀ ਦੇ ਦਿਹਾਂਤ ਦੇ ਸ਼ੋਕ ਵਜੋਂ ਐਲਾਨੀ ਛੁੱਟੀ ਨੂੰ ਮੁੱਖ ਰੱਖਦੇ ਹੋਏ ਸਹਾਇਕ ਡਾਇਰੈਕਟਰ (ਖੇਤਰ), ਭਾਸ਼ਾ ਵਿਭਾਗ, ਪੰਜਾਬ ਦੇ ਪੱਤਰ ਨੰ. ਟਾ.ਸ਼ਾ. (ਸਮੂ-ਕਲੱ-ਅਪ੍ਰੈਲ)2023/5458 ਮਿਤੀ, ਪਟਿਆਲਾ 26/04/2023 (ਕਾਪੀ ਨੱਥੀ) ਅਨੁਸਾਰ ਮਿਤੀ 27 ਅਪ੍ਰੈਲ, 2023 ਨੂੰ ਹੋਣ ਵਾਲੀ ਪ੍ਰੀਖਿਆ **ਮਿਤੀ 03 ਮਈ, 2023** ਅਤੇ 28 ਅਪ੍ਰੈਲ, 2023 ਨੂੰ ਹੋਣ ਵਾਲੀ ਪਰੀਖਿਆ **ਮਿਤੀ 04 ਮਈ, 2023** ਨੂੰ ਲਈ ਜਾਵੇਗੀ। ਉਕਤ ਪਰੀਖਿਆ ਦਾ ਸਮਾਂ ਸਾਰਣੀ ਅਤੇ ਸਥਾਨ ਪਹਿਲਾਂ ਵਾਲਾ ਹੀ ਰਹੇਗਾ ਜੀ।

ਧੰਨਵਾਦ ਸਹਿਤ।

ਵਿਸ਼ਵਾਸਪਾਤਰ

(ਕਿਰਪਾਲ ਸਿੰਘ)

ਜ਼ਿਲ੍ਹਾ ਭਾਸ਼ਾ ਅਫ਼ਸਰ

ਬਠਿੰਡਾ।